3 Jan_Pg_11_3st.qxd 03-Jan-22 8:38 PM Page 1





ਜੀ.ਟੀ. ਰੋਡ 'ਤੇ ਜਾਮ ਲਾ ਕੇ ਬੈਠੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਕਰਮਚਾਰੀ। ਤਸਵੀਰ : ਸੈਨੀ ਗਿੱਲ

# ਖੰਨਾ ਨੇੜੇ ਰਾਸ਼ਟਰੀ ਰਾਜ ਮਾਰਗ 'ਤੇ ਠੇਕਾ ਮੁਲਾਜ਼ਮਾਂ ਵਲੋਂ ਪੱਕਾ ਮੋਰਚਾ

## ਪੱਕੇ ਕਰਨ ਤੱਕ ਧਰਨਾ ਰਹੇਗਾ ਜਾਰੀ-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)-ਪੰਜਾਬ ਭਰ ਦੇ ਕੱਚੇ ਮੁਲਾਜ਼ਮ ਠੇਕਾ ਮੁਲਾਜ਼ਮ ਸੰਘਰਸ਼ ਯੂਨੀਅਨ ਦੇ ਬੈਨਰ ਹੇਠਾਂ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਇਕ ਵਾਰ ਫਿਰ ਖੰਨਾ ਨੇੜੇ ਅੰਮ੍ਰਿਤਸਰ ਤੋਂ ਦਿੱਲੀ ਰਾਸ਼ਟਰੀ ਰਾਜ ਮਾਰਗ ਜਾਮ ਕਰ ਦਿੱਤਾ ਹੈ। ਇਸ ਸੜਕ ਜਾਮ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਸਮਰਥਨ ਦਿੱਤਾ ਗਿਆ ਹੈ। ਪੰਜਾਬ ਤੋਂ ਦਿੱਲੀ ਤੇ ਦਿੱਲੀ ਤੋਂ ਪੰਜਾਬ ਆਉਣ ਵਾਲੇ ਲੋਕ ਪ੍ਰੇਸ਼ਾਨ ਹੋ ਰਹੇ ਹਨ। ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਇਸ ਦਰਮਿਆਨ ਐਂਬੂਲੈਂਸ ਦੇ ਜਾਮ 'ਚ ਫਸ ਜਾਣ ਕਾਰਨ ਇਕ ਬੱਚੇ ਦੀ ਸਮੇਂ ਸਿਰ ਹਸਪਤਾਲ ਨਾ ਪਹੁੰਚਣ ਕਾਰਨ ਮੌਤ ਹੋ ਦੀ ਵੀ ਸੂਚਨਾ ਹੈ। ਐੱਸ. ਐੱਸ. ਪੀ. ਜੇ. ਏਲਨਚੇਜ਼ੀਅਨ ਅਤੇ ਐੱਸ. ਡੀ. ਐਮ. ਮਨਜੀਤ ਕੌਰ ਨੇ ਮਾਮਲੇ ਦੀ ਜਾਂਚ ਕਰਨ ਦੀ ਗੱਲ ਕਹੀ ਹੈ। ਪੁਲਿਸ ਵੱਖ-ਵੱਖ ਬਦਲਵੇਂ ਰਸਤਿਆਂ ਰਾਹੀਂ ਟਰੈਫ਼ਿਕ ਚਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਲੋਕਾਂ ਦੀ ਪ੍ਰੇਸ਼ਾਨੀ ਘੱਟ ਨਹੀਂ ਹੋਈ। ਯੂਨੀਅਨ ਅਨੁਸਾਰ ਇਹ ਪੱਕਾ ਮੋਰਚਾ ਲਗਾ ਦਿੱਤਾ ਗਿਆ ਹੈ। ਧਰਨੇ 'ਤੇ ਬੈਠੇ ਮੁਲਾਜ਼ਮਾਂ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਦੋਂ ਤੱਕ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਸੰਘਰਸ਼ ਜਾਰੀ ਰਹੇਗਾ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪਨੂੰ, ਸ਼ੇਰ ਸਿੰਘ ਖੰਨਾ, ਬਲਿਹਾਰ ਸਿੰਘ ਕਟਾਰੀਆ, ਵਰਿੰਦਰ ਸਿੰਘ ਬੀਬੀਵਾਲ, ਮਹਿੰਦਰ ਸਿੰਘ, ਜਸਪ੍ਰੀਤ ਗਗਨ, ਸੁਰਿੰਦਰ ਸਿੰਘ, ਪਵਨਦੀਪ ਸਿੰਘ, ਸਵਰਨਜੀਤ ਕੌਰ, ਰਮਨਪ੍ਰੀਤ ਕੌਰ ਮਾਨ, ਬਲਜਿੰਦਰ ਸਿੰਘ ਸੋਨੀ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੋਈ ਵੀ ਗੱਲ ਵਿਸ਼ਵਾਸ ਯੋਗ ਜਾਂ ਭਰੋਸਾ ਕਰਨ ਯੋਗ ਨਹੀਂ ਹੈ, ਕਿਉਂਕਿ 19 ਦਸੰਬਰ ਨੂੰ ਹੋਈ ਮੀਟਿੰਗ 'ਚ ਮੁੱਖ ਮੰਤਰੀ ਪੰਜਾਬ ਵਲੋਂ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀਆਂ, ਸੁਸਾਇਟੀਆਂ ਤਹਿਤ ਕੰਮ ਕਰਦੇ ਠੇਕਾ ਮੁਲਾਜ਼ਮਾਂ ਨੂੰ 2 ਦਿਨ ਦੇ ਅੰਦਰ ਸਬੰਧਿਤ ਵਿਭਾਗਾਂ ਵਿਚ ਮਰਜ਼ ਕਰਕੇ ਰੈਗੂਲਰ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ 13 ਦਿਨ ਬੀਤਣ ਦੇ ਬਾਅਦ ਵੀ ਇਹ ਵਾਅਦਾ ਪੂਰਾ ਨਹੀਂ ਹੋ ਸਕਿਆ। ਇਸ ਫ਼ੈਸਲੇ ਦਾ ਅੱਜ ਤੱਕ ਮੁੱਖ ਮੰਤਰੀ ਵਲੋਂ ਹੱਲ ਨਹੀਂ ਕੀਤਾ। ਅੱਜ ਦੇ ਨੈਸ਼ਨਲ ਹਾਈ ਜਾਮ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਸੁਦਾਗਰ ਸਿੰਘ, ਟੈਕਨੀਕਲ ਸਰਵਿਸਜ ਯੂਨੀਅਨ (ਭੰਗਲ) ਸਰਕਲ ਪ੍ਰਧਾਨ ਸੁਖਵਿੰਦਰ ਸਿੰਘ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਹਰਜਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂ ਵੀ ਪੁੱਜੇ ਹੋਏ ਸਨ।

### ਐਂਬੂਲੈਂਸ ਜਾਮ 'ਚ ਫਸਣ ਕਾਰਨ ਬੱਚੇ ਦੀ ਮੌਤ

ਠੇਕਾ ਮੁਲਾਜ਼ਮ ਸੰਘਰਸ਼ ਯੂਨੀਅਨ ਦੇ ਜੀ. ਟੀ. ਰੋਡ ਉੱਪਰ ਦਿੱਤੇ ਧਰਨੇ ਕਾਰਨ ਲੱਗੇ ਜਾਮ 'ਚ ਐਂਬੂਲੈਂਸ ਦੇ ਫਸਣ ਕਰਕੇ ਇਕ ਬਿਮਾਰ ਬੱਚੇ ਨੂੰ ਹਸਪਤਾਲ ਪਹੁੰਚਾਉਣ ਵਿਚ ਦੇਰੀ ਹੋ ਜਾਣ ਕਾਰਨ ਉਸ ਦੀ ਮੌਤ ਹੋਣ ਦੀ ਖ਼ਬਰ ਹੈ। ਐਂਬੂਲੈਂਸ ਡਰਾਈਵਰ ਨੇ ਕਿਹਾ ਕਿ ਰਸਤਾ ਨਹੀਂ ਮਿਲਿਆ, ਜਿਸ ਕਰ ਕੇ ਪਿੰਡ ਮੋਹਨਪੁਰ ਤੋਂ ਹਸਪਤਾਲ ਤੱਕ ਪਹੁੰਚਣ ਵਿਚ ਐਂਬੂਲੈਂਸ ਨੂੰ ਕਰੀਬ ਇੱਕ ਘੰਟੇ ਦਾ ਸਮਾਂ ਲੱਗ ਗਿਆ। ਉਸ ਨੇ ਕਿਹਾ ਕਿ ਜਾਮ ਲਗਾਉਣ ਵਾਲਿਆਂ ਨੇ ਮੋਹਨਪੁਰ ਕੋਲ ਤਾਂ ਐਂਬੂਲੈਂਸ ਨੂੰ ਰਸਤਾ ਦੇ ਦਿੱਤਾ ਸੀ ਪਰ ਅੱਗੇ ਸੜਕ 'ਤੇ ਲੱਗੇ ਜਾਮ 'ਚ ਐਂਬੂਲੈਂਸ ਫਸੀ ਰਹੀ, ਜਿਸ ਕਾਰਨ ਦੇਰ ਹੋਈ। ਇਸ ਸਬੰਧ ਵਿਚ ਜਦੋਂ ਐੱਸ. ਡੀ. ਐਮ. ਮਨਜੀਤ ਕੌਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਜਾਮ ਦੌਰਾਨ ਐਂਬੂਲੈਂਸ ਦੇ ਫਸਣ ਦੀ ਗੱਲ ਤੋਂ ਇਨਕਾਰ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਜੇ ਕਿਸੇ ਬੱਚੇ ਦੀ ਮੌਤ ਹੋਈ ਹੈ ਤਾਂ ਸਾਨੂੰ ਬਹੁਤ ਦੁੱਖ ਹੈ। ਪਰ ਸਾਡੇ ਕੋਲ ਅਜਿਹੀ ਕੋਈ ਸੂਚਨਾ ਨਹੀਂ ਹੈ। ਐੱਸ. ਐੱਸ. ਪੀ. ਖੰਨਾ ਜੇ. ਏਲਨਚੇਜ਼ੀਅਨ ਨੇ ਕਿਹਾ ਕਿ ਧਰਨਾਕਾਰੀਆਂ ਨਾਲ ਇਹ ਫ਼ੈਸਲਾ ਸਵੇਰੇ ਹੀ ਹੋ ਗਿਆ ਸੀ ਕਿ ਕੋਈ ਐਂਬੂਲੈਂਸ ਜਾਂ ਅਜਿਹੀਆਂ ਜ਼ਰੂਰੀ ਸੇਵਾਵਾਂ ਵਾਲੀਆਂ ਗੱਡੀਆਂ ਨਹੀਂ ਰੋਕੀਆਂ ਜਾਣਗੀਆਂ ਪਰ ਫਿਰ ਵੀ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਜਦੋਂ ਇਸ ਬਾਰੇ ਖੰਨਾ ਦੇ ਐੱਸ. ਐਮ. ਓ. ਡਾ. ਸਤਪਾਲ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ।

# ਰਾਜਪਾਲ ਨੇ ਮੁੱਖ ਮੰਤਰੀ ਚੰਨੀ ਵਲੋਂ ਲਗਾਏ ਦੋਸ਼ਾਂ ਨੂੰ ਦਿੱਤਾ ਗ਼ਲਤ ਕਰਾਰ

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਬੀਤੇ ਦਿਨੀਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਦਿੱਤੇ ਇਕ ਬਿਆਨ ਨੂੰ ਲੈ ਕੇ ਸਥਿਤੀ ਸਪਸ਼ਟ ਕਰਦੇ ਹੋਏ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਪੰਜਾਬ ਦੇ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਦੀ ਫਾਈਲ ਨੂੰ ਲੈ ਕੇ ਦਿੱਤੇ ਇਕ ਬਿਆਨ ਵਿਚ ਰਾਜਪਾਲ ਨੇ ਕਿਹਾ ਕਿ ਇਸ ਫਾਈਲ ਨੂੰ 31 ਦਸੰਬਰ 2021 ਨੂੰ ਹੀ ਮੁੱਖ ਮੰਤਰੀ ਦਫ਼ਤਰ ਨੂੰ ਵਾਪਸ ਭੇਜ ਦਿੱਤਾ ਗਿਆ ਸੀ ਜਦਕਿ ਮੁੱਖ ਮੰਤਰੀ ਵਲੋਂ 1 ਜਨਵਰੀ 2022 ਨੂੰ ਦਿੱਤੇ ਬਿਆਨ ਵਿਚ ਕਿਹਾ ਗਿਆ ਸੀ ਰਾਜਪਾਲ ਵਲੋਂ ਫਾਈਲ ਉਨ੍ਹਾਂ ਨੂੰ ਵਾਪਸ ਨਹੀਂ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਮੀਡੀਆ ਨੂੰ ਦਿੱਤੀ ਗਈ ਜਾਣਕਾਰੀ ਗ਼ਲਤ ਹੈ। ਰਾਜਪਾਲ ਨੇ ਕਿਹਾ ਕਿ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਸਬੰਧੀ ਫਾਈਲ 6 ਪ੍ਰਸ਼ਨਾਂ ਸਮੇਤ ਮੁੱਖ ਮੰਤਰੀ ਦਫ਼ਤਰ ਨੂੰ ਭੇਜੀ ਗਈ ਸੀ ਜਿਸ ਦਾ ਹਾਲੇ ਤੱਕ ਜਵਾਬ ਨਹੀਂ ਆਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਫਾਈਲ ਨੂੰ ਲੈ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਦੀ ਸਲਾਹ ਦਿੱਤੀ ਗਈ ਹੈ ਜਿਸ ਦੇ ਬਾਅਦ ਰਾਜਪਾਲ ਸਕੱਤਰੇਤ ਵਿਚ ਬਿਲ ਦੀ ਮੁੜ ਜਾਂਚ ਕੀਤੀ ਜਾਏਗੀ ਅਤੇ ਅੱਗੇ ਦੀ ਕਾਰਵਾਈ ਹੋਏਗੀ।

**ਕਿਹਾ: ਠੇਕਾ ਕਰਮਚਾਰੀਆਂ ਦੀ ਫਾਈਲ 31 ਦਸੰਬਰ ਨੂੰ ਹੀ ਵਾਪਸ ਭੇਜ ਦਿੱਤੀ ਸੀ**



ਮੋਗਾ ਵਿਖੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕੇਂਦਰੀ ਮੰਤਰੀ ਤੇ ਪੰਜਾਬ ਇੰਚਾਰਜ ਭਾਜਪਾ ਗਜੇਂਦਰ ਸਿੰਘ ਸ਼ੇਖਾਵਤ, ਨਾਲ ਹਨ ਨਿਧੜਕ ਸਿੰਘ ਬਰਾੜ ਤੇ ਜ਼ਿਲ੍ਹਾ ਪ੍ਰਧਾਨ ਵਿਨੇ ਸ਼ਰਮਾ। ਤਸਵੀਰ: ਜਸਪਾਲ ਸਿੰਘ ਬੱਬੀ

# ਅਕਾਲੀ ਦਲ (ਸੰਯੁਕਤ) ਦਾ ਬੁਲਾਰਾ ਨਿਧੜਕ ਸਿੰਘ ਬਰਾੜ ਭਾਜਪਾ 'ਚ ਸ਼ਾਮਿਲ

ਮੋਗਾ, 3 ਜਨਵਰੀ (ਸੁਰਿੰਦਰਪਾਲ ਸਿੰਘ, ਗੁਰਤੇਜ ਸਿੰਘ)-ਪੰਜਾਬ 'ਚ ਭਾਜਪਾ ਦੇ ਲਗਾਤਾਰ ਵੱਧ ਰਹੇ ਗਰਾਫ਼ ਵਿਚ ਅੱਜ ਉਸ ਸਮੇਂ ਹੋਰ ਵਾਧਾ ਹੋਇਆ ਜਦੋਂ ਗਜੇਂਦਰ ਸਿੰਘ ਸ਼ੇਖਾਵਤ ਕੇਂਦਰੀ ਮੰਤਰੀ ਤੇ ਇੰਚਾਰਜ ਪੰਜਾਬ ਮਾਮਲੇ ਪੰਜਾਬ ਦੀ ਸਿਆਸਤ ਵਿਚ ਆਪਣਾ ਅਹਿਮ ਸਥਾਨ ਰੱਖਣ ਵਾਲੇ ਅਕਾਲੀ ਦਲ ਦੇ ਉੱਚ ਅਹੁਦਿਆਂ 'ਤੇ ਰਹੇ ਸਾਬਕਾ ਸੂਚਨਾ ਕਮਿਸ਼ਨ ਪੰਜਾਬ ਤੇ ਮੌਜੂਦਾ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨਿਧੜਕ ਸਿੰਘ ਬਰਾੜ ਨੂੰ ਭਾਜਪਾ ਵਿਚ ਸ਼ਾਮਿਲ ਕਰਨ ਲਈ ਉਨ੍ਹਾਂ ਦੇ ਗ੍ਰਹਿ ਪੁੱਜੇ ਜਿੱਥੇ ਉਨ੍ਹਾਂ ਦਾ ਨਿਧੜਕ ਸਿੰਘ ਬਰਾੜ ਤੇ ਭਾਜਪਾ ਪ੍ਰਧਾਨ ਵਿਨੇ ਸ਼ਰਮਾ ਤੇ ਸਮੁੱਚੀ ਲੀਡਰਸ਼ਿਪ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਗਜੇਂਦਰ ਸ਼ੇਖਾਵਤ ਨੇ ਕਿਹਾ ਕਿ ਪੰਜਾਬ ਨੂੰ ਮੰਦਹਾਲੀ 'ਚੋਂ ਕੱਢਣ ਲਈ ਇਸ ਵੇਲੇ ਦੂਰ-ਅੰਦੇਸ਼ ਤੇ ਇਮਾਨਦਾਰ ਨੇਤਾਵਾਂ ਦੀ ਲੋੜ ਹੈ ਤੇ ਭਾਜਪਾ ਉੱਚ ਕਿਰਦਾਰ ਵਾਲੇ ਲੋਕਾਂ ਨੂੰ ਪਾਰਟੀ ਵਿਚ ਕੰਮ ਕਰਨ ਲਈ ਸੱਦਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਨਿਧੜਕ ਸਿੰਘ ਬਰਾੜ ਨੂੰ ਭਾਜਪਾ 'ਚ ਸ਼ਾਮਿਲ ਕਰ ਕੇ ਉਹ ਖ਼ੁਸ਼ੀ ਮਹਿਸੂਸ ਕਰ ਰਹੇ ਹਨ। ਇਸ ਮੌਕੇ ਨਿਧੜਕ ਸਿੰਘ ਬਰਾੜ ਨੇ ਗਜੇਂਦਰ ਸਿੰਘ ਸ਼ੇਖਾਵਤ ਨੂੰ ਘਰ ਆਉਣ 'ਤੇ ਜਿੱਥੇ ਜੀ ਆਇਆਂ ਆਖਿਆ ਉੱਥੇ ਉਨ੍ਹਾਂ ਕਿਹਾ ਕਿ ਮੈਂ ਹਮੇਸ਼ਾ ਸਾਫ਼-ਸੁਥਰੀ ਤੇ ਪੰਜਾਬ ਪੱਖੀ ਸਿਆਸਤ ਦਾ ਹਾਮੀ ਰਿਹਾ ਹਾਂ। ਇਸ ਮੌਕੇ ਦੇਵ ਪ੍ਰਿਆ ਤਿਆਗੀ, ਡਾ. ਸੀਮਾਂਤ ਗਰਗ, ਬੋਹੜ ਸਿੰਘ, ਰਾਕੇਸ਼ ਭੱਲਾ, ਅਜੈਬ ਸਿੰਘ ਬਹੋਨਾ, ਰਾਕੇਸ਼ ਸ਼ਰਮਾ, ਸੋਨੀ ਮੰਗਲਾ, ਵਿਜੇ ਸ਼ਰਮਾ, ਪ੍ਰੋਮਿਲਾ ਰਾਏ ਆਦਿ ਹਾਜ਼ਰ ਸਨ।

**ਪੰਜਾਬ ਨੂੰ ਮੰਦਹਾਲੀ 'ਚੋਂ ਕੱਢਣ ਲਈ ਦੂਰ-ਅੰਦੇਸ਼ ਤੇ ਇਮਾਨਦਾਰ ਨੇਤਾਵਾਂ ਦੀ ਲੋੜ-ਸ਼ੇਖਾਵਤ**




ਸ਼ਹੀਦ ਦੀ ਦੇਹ ਨੂੰ ਮੋਢਾ ਦਿੰਦੇ ਹੋਏ ਬੀਬੀ ਰਾਜਿੰਦਰ ਕੌਰ ਭੱਠਲ, ਬਰਿੰਦਰ ਗੋਇਲ ਐਡਵੋਕੇਟ। (ਸੱਜੇ) ਸ਼ਹੀਦ ਦੀ ਦੇਹ 'ਤੇ ਫੁੱਲ ਮਾਲਾ ਭੇਟ ਕਰਦੇ ਹੋਏ ਡਿਪਟੀ ਕਮਿਸ਼ਨਰ ਰਾਮਵੀਰ। ਤਸਵੀਰਾਂ : ਅਸ਼ੋਕ ਗਰਗ

# ਸ਼ਹੀਦ ਵਰਿੰਦਰ ਸਿੰਘ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

## ਲਹਿਰਾਗਾਗਾ 'ਚ ਉਸਾਰੀ ਜਾਵੇਗੀ ਯਾਦਗਾਰ-ਬੀਬੀ ਭੱਠਲ

ਲਹਿਰਾਗਾਗਾ, 3 ਜਨਵਰੀ (ਅਸ਼ੋਕ ਗਰਗ, ਕੰਵਲਜੀਤ ਢੀਂਡਸਾ, ਪ੍ਰਵੀਨ ਖੋਖਰ)-ਨਕਸਲੀਆਂ ਨਾਲ ਹੋਏ ਇਕ ਮੁਕਾਬਲੇ 'ਚ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਲਹਿਰਾਗਾਗਾ ਦਾ ਜਵਾਨ ਵਰਿੰਦਰ ਸਿੰਘ (26 ਸਾਲ) ਭਾਰਤ ਵਤਨ ਦੀ ਰੱਖਿਆ ਕਰਦਾ ਸ਼ਹੀਦੀ ਪ੍ਰਾਪਤ ਕਰ ਗਿਆ ਹੈ। ਵਰਿੰਦਰ ਸਿੰਘ ਸੀ.ਆਰ.ਪੀ.ਐਫ. ਦੀ 208 ਕੋਬਰਾ ਕਮਾਂਡੋ ਬਟਾਲੀਅਨ ਦਾ ਜਵਾਨ ਸੀ ਜਿਸ ਦਾ ਸਰਕਾਰੀ ਸਨਮਾਨ ਨਾਲ ਲਹਿਰਾਗਾਗਾ ਦੇ ਸ਼ਮਸ਼ਾਨਘਾਟ ਵਿਚ ਅੰਤਿਮ ਸੰਸਕਾਰ ਕੀਤਾ ਗਿਆ। ਦੇਰ ਰਾਤ ਸ਼ਹੀਦ ਦੀ ਮ੍ਰਿਤਕ ਦੇਹ ਨੂੰ ਸੌਰਵ ਕੰਪਲੈਕਸ ਵਿਖੇ ਲਿਆ ਕੇ ਰੱਖਿਆ ਗਿਆ ਅਤੇ ਅੱਜ ਸਵੇਰੇ ਉਸ ਦੀ ਮ੍ਰਿਤਕ ਦੇਹ ਨੂੰ ਘਰ ਲਿਆਂਦਾ ਗਿਆ। ਸ਼ਹਿਰ 'ਚ ਸੋਗ ਵਜੋਂ ਸਾਰੀਆਂ ਦੁਕਾਨਾਂ ਮੁਕੰਮਲ ਤੌਰ 'ਤੇ ਬੰਦ ਰਹੀਆਂ। ਸ਼ਹੀਦ ਦੀ ਮ੍ਰਿਤਕ ਦੇਹ ਨੂੰ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਅਤੇ ਲਹਿਰਾਗਾਗਾ ਵਿਕਾਸ ਮੰਚ ਦੇ ਸਰਪ੍ਰਸਤ ਬਰਿੰਦਰ ਗੋਇਲ ਐਡਵੋਕੇਟ ਨੇ ਮੋਢਾ ਦਿੱਤਾ। ਸ਼ਹੀਦ ਦੀ ਮਾਂ ਅਮਰਜੀਤ ਕੌਰ, ਪਿਤਾ ਸਾਗਰ ਸਿੰਘ ਦਾ ਵਿਰਲਾਪ ਦੇਖ ਕੇ ਹਰ ਅੱਖ ਨਮ ਸੀ। ਸ਼ਹੀਦ ਦੀ ਮ੍ਰਿਤਕ ਦੇਹ ਪੂਰੇ ਸ਼ਹਿਰ, ਕਲੋਨੀ ਰੋਡ, ਰਾਮੇਵਾਲੀ ਖੂਹੀ, ਫ਼ਰਨੀਚਰ ਮਾਰਕਿਟ ਵਿਚ ਦੀ ਹੁੰਦੀ ਹੋਈ ਸ਼ਮਸ਼ਾਨਘਾਟ ਪਹੁੰਚੀ। ਵੱਖ-ਵੱਖ ਥਾਵਾਂ ਤੇ ਸ਼ਹਿਰ ਵਾਸੀਆਂ ਅਤੇ ਧਾਰਮਿਕ ਸੰਸਥਾਵਾਂ ਵਲੋਂ ਮ੍ਰਿਤਕ ਦੇਹ ਉੱਪਰ ਫੁੱਲਾਂ ਦੀ ਵਰਖਾ ਕੀਤੀ ਗਈ। ਡਿਪਟੀ ਕਮਿਸ਼ਨਰ ਸੰਗਰੂਰ ਰਾਮਵੀਰ, ਐਸ.ਡੀ.ਐਮ ਮੈਡਮ ਨਵਰੀਤ ਕੌਰ ਸੇਖੋਂ ਨੇ ਸ਼ਹੀਦ ਵਰਿੰਦਰ ਸਿੰਘ ਦੀ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਭੇਂਟ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਧਰਮ-ਪਤਨੀ ਬੀਬੀ ਹਰਜੀਤ ਕੌਰ ਢੀਂਡਸਾ, ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ, ਅਕਾਲੀ ਦਲ ਦੇ ਹਲਕਾ ਲਹਿਰਾਗਾਗਾ ਤੋਂ ਉਮੀਦਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ, ਯੂਥ ਕਾਂਗਰਸ ਦੇ ਸੀਨੀਅਰ ਆਗੂ ਦੁਰਲੱਭ ਸਿੰਘ ਸਿੱਧੂ, ਆਮ ਆਦਮੀ ਪਾਰਟੀ ਦੇ ਜਸਵੀਰ ਸਿੰਘ ਕੁਦਨੀ, ਕੰਵਰਜੀਤ ਸਿੰਘ ਕੁੱਕੀ ਲਦਾਲ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਵਿੰਦਰ ਕੌਰ, ਡੀ.ਐਸ.ਪੀ ਮਨੋਜ ਗੋਰਸੀ, ਸੀ.ਆਰ.ਪੀ.ਐਫ ਚੰਡੀਗੜ੍ਹ ਦੇ ਆਈ.ਜੀ ਮੂਲਚੰਦ ਪਵਾਰ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਰਫ਼ੋਂ ਸ਼ਹੀਦ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਪੰਜਾਬ ਸਰਕਾਰ ਸ਼ਹੀਦ ਦੇ ਪਰਿਵਾਰ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਲਹਿਰਾਗਾਗਾ ਦੇ ਮੁੱਖ ਪ੍ਰਵੇਸ਼ ਦੁਆਰ 'ਤੇ ਸ਼ਹੀਦ ਦੇ ਨਾਂਅ ਤੇ ਚੌਂਕ ਬਣਾ ਕੇ ਬੁੱਤ ਲਗਾਇਆ ਜਾਵੇਗਾ ਅਤੇ ਲਹਿਰਾਗਾਗਾ ਤੋਂ ਨਦਾਮਪੁਰ ਤੱਕ ਬਣਨ ਵਾਲੀ ਸੜਕ ਦਾ ਨਾਂਅ ਵੀ ਸ਼ਹੀਦ ਵਰਿੰਦਰ ਸਿੰਘ ਦੇ ਨਾਂਅ ਤੇ ਰੱਖਿਆ ਜਾਵੇਗਾ। ਪੰਜਾਬ ਸਰਕਾਰ ਵਲੋਂ ਨਿਯਮਾਂ ਅਨੁਸਾਰ ਐਕਸਗ੍ਰੇਸ਼ੀਆ ਗਰਾਂਟ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ।



ਸ਼ਹੀਦ ਵਰਿੰਦਰ ਸਿੰਘ ਦੀ ਪੁਰਾਣੀ ਤਸਵੀਰ

# ਮਜੀਠੀਆ ਦੀਆਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਸਬੰਧੀ ਵਾਇਰਲ ਹੋਈਆਂ ਤਸਵੀਰਾਂ ਦੀ ਖ਼ੂਬ ਹੋ ਰਹੀ ਹੈ ਚਰਚਾ

## ਨਵੀਆਂ ਹਨ ਜਾਂ ਪੁਰਾਣੀਆਂ ਭੰਬਲਭੂਸੇ 'ਚ ਰਹੇ ਲੋਕ

ਅੰਮ੍ਰਿਤਸਰ, 3 ਜਨਵਰੀ (ਹਰਮਿੰਦਰ ਸਿੰਘ)-ਨਸ਼ੇ ਦੀ ਮਾਮਲੇ 'ਚ ਪੰਜਾਬ ਸਰਕਾਰ ਵਲੋਂ ਨਾਮਜ਼ਦ ਕੀਤੇ ਜਾਣ ਕਾਰਨ ਬੀਤੇ ਕਈ ਦਿਨਾਂ ਤੋਂ ਰੂਪੋਸ਼ ਚਲ ਰਹੇ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਸ: ਬਿਕਰਮ ਸਿੰਘ ਮਜੀਠੀਆ ਦੀਆਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਬੰਧੀ ਵਾਇਰਲ ਹੋਈਆਂ ਤਸਵੀਰਾਂ ਨੂੰ ਲੈ ਕੇ ਜਿਥੇ ਪੁਲਿਸ ਦੁਚੱਤੀ 'ਚ ਪਈ ਰਹੀ ਉਥੇ ਇਨ੍ਹਾਂ ਤਸਵੀਰਾਂ ਨੂੰ ਲੈ ਕੇ ਵੱਖ-ਵੱਖ ਚਰਚਾਵਾਂ ਦਾ ਬਾਜ਼ਾਰ ਗਰਮ ਰਿਹਾ। ਜ਼ਿਕਰਯੋਗ ਹੈ ਕਿ ਨਵੇਂ ਸਾਲ ਦੀ ਆਮਦ 'ਤੇ ਬੀਤੇ ਕਈ ਸਾਲਾਂ ਤੋਂ ਬਿਕਰਮ ਸਿੰਘ ਮਜੀਠੀਆ ਹਰ ਸਾਲ ਦੇ ਪਹਿਲੇ ਦਿਨ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਕਰਦੇ ਹਨ, ਹਾਲ ਹੀ 'ਚ ਨਵੇਂ ਸਾਲ ਦੇ ਮੌਕੇ 'ਤੇ ਮਜੀਠੀਆ ਦੀਆਂ ਤਸਵੀਰਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਸ ਵਾਰ ਬਿਕਰਮ ਸਿੰਘ ਮਜੀਠੀਆ ਮੁਹਾਲੀ ਪੁਲਿਸ ਵਲੋਂ 21 ਦਸੰਬਰ ਨੂੰ ਦਰਜ ਨਸ਼ੇ ਦੇ ਕੇਸ 'ਚ ਨਾਮਜ਼ਦ ਕੀਤਾ ਗਿਆ ਹੈ ਅਤੇ ਉਹ ਇਸ ਤੋਂ ਪਹਿਲਾਂ ਹੀ ਸਿਆਸੀ ਸਰਗਮੀਆਂ ਤੋਂ ਦੂਰ ਸਨ ਅਤੇ ਉਸ ਦਿਨ ਤੋਂ ਰੂਪੋਸ਼ ਚਲੇ ਆ ਰਹੇ ਹਨ। ਬੀਤੇ ਦਿਨ ਤੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀਆਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਸਬੰਧੀ ਵਾਇਰਲ ਹੋਈਆਂ ਤਸਵੀਰਾਂ ਰਾਹੀਂ ਸ਼ਾਇਦ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਮਜੀਠੀਆ ਨੇ ਬੀਤੀ ਰਾਤ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਦੇ ਨਵੇਂ ਵਰ੍ਹੇ ਦੇ ਪਹਿਲੇ ਦਿਨ ਸ਼ੁਰੂਆਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਕੀਤੀ ਗਈ ਹੈ। ਇਹ ਤਸਵੀਰਾਂ ਯੂਥ ਅਕਾਲੀ ਦੇ ਪੇਜ 'ਤੇ ਇਕ ਦਿਨ ਪਹਿਲਾਂ ਪਈਆਂ ਹਨ ਅਤੇ ਇਸ ਤੋਂ ਇਲਾਵਾ ਕੁਝ ਤਸਵੀਰਾਂ ਮਜੀਠੀਆ ਦੀ ਫੇਸਬੁੱਕ 'ਤੇ ਕਰੀਬ ਕੁਝ ਸਮਾਂ ਪਹਿਲਾਂ ਪਈ ਹੈ, ਜਿਸ ਦੇ ਉਪਰ ਗੁਰਬਾਣੀ ਦੀ ਪੰਗਤੀ ਅੰਕਿਤ ਹੈ। ਇਹ ਤਸਵੀਰਾਂ ਨਵੀਆਂ ਹਨ ਜਾਂ ਪਿਛਲੇ ਸਮੇਂ ਦੀਆਂ ਇਸ ਸਬੰਧੀ ਕੋਈ ਵੀ ਕੁਝ ਕਹਿਣ ਨੂੰ ਤਿਆਰ ਨਹੀਂ, ਲੋਕਾਂ ਵਿਚ ਇਨ੍ਹਾਂ ਤਸਵੀਰਾਂ ਨੂੰ ਲੈ ਕੇ ਭੰਬਲਭੂਸੇ ਵਾਲੀ ਸਥਿਤੀ ਰਹੀ ਪਰ ਜਿਸ ਤਰ੍ਹਾਂ ਮਜੀਠੀਆ ਦੇ ਸੰਗਤ ਵਿਚ ਜਾ ਕੇ ਮੱਥਾ ਟੇਕਣ ਦੀਆਂ ਤਸਵੀਰਾਂ ਵਾਇਰਲ ਹੋਈਆਂ ਉਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਮਜੀਠੀਆ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਣ ਦੌਰਾਨ ਕਿਸੇ ਨੇ ਨਹੀਂ ਦੇਖਿਆ? ਇਹ ਤਸਵੀਰਾਂ ਕਿਸ ਮਨਸ਼ਾ ਨਾਲ ਪਾਈਆਂ ਗਈਆਂ ਹਨ ਇਹ ਤਾਂ ਪਤਾ ਨਹੀਂ ਪਰ ਇਸ ਤਸਵੀਰ ਵਿਚ ਸ਼ਾਮਿਲ ਅਕਾਲੀ ਵਰਕਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਤਸਵੀਰਾਂ ਪਿਛਲੇ ਸਾਲ ਦੀਆਂ ਹਨ।



ਬਿਕਰਮ ਸਿੰਘ ਮਜੀਠੀਆ ਦੇ ਦਰਬਾਰ ਸਾਹਿਬ ਮੱਥਾ ਟੇਕਣ ਦੀਆਂ ਵਾਇਰਲ ਹੋਈ ਤਸਵੀਰ। ਅਜੀਤ ਤਸਵੀਰ

# ਪੰਜਾਬ ਪੁਲਿਸ ਚੰਨੀ ਦੇ ਕਹਿਣ 'ਤੇ ਨਹੀਂ ਕਰ ਰਹੀ ਮਜੀਠੀਆ ਨੂੰ ਗ੍ਰਿਫ਼ਤਾਰ-ਰਾਘਵ ਚੱਢਾ

## ਕਿਹਾ, ਚੰਨੀ ਇਕ ਸਮਝੌਤਾਵਾਦੀ ਮੁੱਖ ਮੰਤਰੀ-ਐਫ. ਆਈ. ਆਰ. ਇਕ ਰਾਜਸੀ ਡਰਾਮਾ

ਚੰਡੀਗੜ੍ਹ, 3 ਜਨਵਰੀ (ਪ੍ਰੋ. ਅਵਤਾਰ ਸਿੰਘ)-ਚੰਨੀ ਸਰਕਾਰ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਿਆਂ ਨੂੰ ਲੈ ਕੇ ਦਰਜ ਕੀਤੀ ਐਫ. ਆਈ. ਆਰ. ਸਿਰਫ਼ ਇਕ ਰਾਜਸੀ ਡਰਾਮਾ ਹੈ ਤੇ ਸਰਕਾਰ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਹ ਵਿਚਾਰ ਅੱਜ ਇੱਥੇ ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਰਾਘਵ ਚੱਢਾ ਨੇ ਕਿਹਾ ਕਿ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਮੁੱਖ ਮੰਤਰੀ ਚੰਨੀ ਦਾ ਭਰਾ ਸ਼ਾਮਿਲ ਸੀ ਤੇ ਚੰਨੀ ਨੇ ਬਾਦਲਾਂ ਅੱਗੇ ਹੱਥ ਜੋੜ ਕੇ ਉਸ ਵਕਤ ਉਸ ਕੇਸ 'ਚੋਂ ਬਾਹਰ ਕਢਵਾਇਆ ਸੀ, ਇਸੇ ਕਰਕੇ ਹੁਣ ਚੰਨੀ ਤੇ ਸੁਖਬੀਰ ਸਿੰਘ ਬਾਦਲ ਦਰਮਿਆਨ ਹੋਏ ਗੁਪਤ ਸਮਝੌਤੇ ਤਹਿਤ ਮਜੀਠੀਏ ਵਿਰੁੱਧ ਮੁਕੱਦਮਾ ਤਾਂ ਦਰਜ ਕਰ ਲਿਆ ਪ੍ਰੰਤੂ ਗ੍ਰਿਫ਼ਤਾਰੀ ਨਹੀਂ ਹੋ ਰਹੀ। ਰਾਘਵ ਚੱਢਾ ਨੇ ਚੰਨੀ ਨੂੰ ਇਸੇ ਕਰਕੇ ਇਕ ਸਮਝੌਤਾਵਾਦੀ ਮੁੱਖ ਮੰਤਰੀ ਕਹਿੰਦਿਆਂ ਕਿਹਾ ਕਿ ਆਗਊਂ ਜ਼ਮਾਨਤ ਰੱਦ ਹੋਣ ਦੇ ਬਾਵਜੂਦ ਪੰਜਾਬ ਪੁਲਿਸ ਚੰਨੀ ਦੇ ਕਹਿਣ 'ਤੇ ਹੀ ਨਹੀਂ ਕਰ ਰਹੀ ਮਜੀਠੀਏ ਨੂੰ ਗ੍ਰਿਫ਼ਤਾਰ। ਚੱਢਾ ਨੇ ਕਿਹਾ ਪੂਰੇ ਦੇਸ਼ ਵਿਚ ਇਕ ਸਟੈਂਡਰਡ ਅਪ੍ਰੇਸ਼ਨ ਪ੍ਰੋਸੀਜ਼ਰ (ਐਸ.ਓ.ਪੀ) ਲਾਗੂ ਹੈ ਜਿਸ ਤਹਿਤ ਅਗਾਊਂ ਜ਼ਮਾਨਤ ਰੱਦ ਹੋਣ ਤੋਂ ਬਾਅਦ ਮੁਲਜ਼ਮ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ, ਪਰ ਪੰਜਾਬ ਵਿਚ ਬਿਕਰਮ ਸਿੰਘ ਮਜੀਠੀਏ ਦੇ ਮਾਮਲੇ ਵਿਚ ਅਜਿਹਾ ਨਹੀਂ ਹੋ ਰਿਹਾ। ਇਸ ਮੌਕੇ 'ਤੇ ਰਾਘਵ ਚੱਢਾ ਦੇ ਨਾਲ ਪੰਜਾਬ 'ਆਪ' ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਅਤੇ ਜਗਤਾਰ ਸਿੰਘ ਸੰਘੇੜਾ ਵੀ ਹਾਜ਼ਰ ਸਨ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਘਵ ਚੱਢਾ। ਤਸਵੀਰ : ਕਮਲਜੀਤ ਸਿੰਘ

# ਵਿਧਾਨ ਸਭਾ ਚੋਣਾਂ 'ਚ ਨਾਜਾਇਜ਼ ਸ਼ਰਾਬ 'ਤੇ ਨਜ਼ਰ ਰੱਖਣਗੀਆਂ ਜਾਂਚ ਟੀਮਾਂ

## ਆਬਕਾਰੀ ਤੇ ਕਰ ਅਫਸਰ, ਆਬਕਾਰੀ ਤੇ ਕਰ ਨਿਰੀਖਕਾਂ ਦੀਆਂ ਟੀਮਾਂ ਦਾ ਗਠਨ

ਜਲੰਧਰ, 3 ਜਨਵਰੀ (ਸ਼ਿਵ ਸ਼ਰਮਾ)-ਪੰਜਾਬ 'ਚ ਇਸ ਸਾਲ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ 2022 ਲਈ ਆਉਂਦੇ ਦਿਨਾਂ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਜਾ ਰਿਹਾ ਹੈ ਤੇ ਇਸ ਤੋਂ ਪਹਿਲਾਂ ਹੀ ਰਾਜ ਦੇ ਆਬਕਾਰੀ ਕਮਿਸ਼ਨਰ ਪੰਜਾਬ ਨੇ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਨਾਲ ਸ਼ਰਾਬ ਦੇ ਨਾਜਾਇਜ਼ ਕੰਮ ਅਤੇ ਸਟਾਕ ਦੀ ਕਿਸੇ ਵੀ ਤਰ੍ਹਾਂ ਨਾਲ ਦੁਰਵਰਤੋਂ ਰੋਕਣ ਲਈ ਬਕਾਇਦਾ ਚੈਕਿੰਗ ਟੀਮਾਂ ਦਾ ਗਠਨ ਕਰ ਦਿੱਤਾ ਹੈ। ਜਿਸ 'ਚ ਜੀ.ਐਸ. ਟੀ. ਅਤੇ ਮੋਬਾਈਲ ਵਿੰਗ ਦੇ ਆਬਕਾਰੀ ਤੇ ਕਰ ਅਫਸਰ ਅਤੇ ਕਰ ਨਿਰੀਖਕਾਂ ਦੀਆਂ ਡਿਊਟੀਆਂ ਇਸ ਕੰਮ 'ਤੇ ਲਗਾਈਆਂ ਗਈਆਂ ਹਨ। ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਚੋਣ ਕਮਿਸ਼ਨ ਵਲੋਂ ਹੀ ਸਾਰੀ ਪ੍ਰਕਿਰਿਆ ਚਲਾਈ ਜਾਣੀ ਹੈ ਤੇ ਇਸ ਕਰਕੇ ਜਾਰੀ ਆਦੇਸ਼ਾਂ 'ਚ ਠੇਕਿਆਂ 'ਤੇ ਸ਼ਰਾਬ ਦੇ ਸਟਾਕ ਅਤੇ ਹੋਰ ਵੀ ਨਾਜਾਇਜ਼ ਤਰੀਕੇ ਨਾਲ ਵਿਕਦੀ ਸ਼ਰਾਬ ਨੂੰ ਰੋਕਣ ਲਈ ਆਬਕਾਰੀ ਵਿਭਾਗ ਪੰਜਾਬ ਵਲੋਂ ਬਣਾਈਆਂ ਗਈਆਂ ਟੀਮਾਂ ਵਲੋਂ ਕਾਰਵਾਈ ਕੀਤੀ ਜਾਵੇਗੀ। ਆਪਣੇ ਜਾਰੀ ਆਦੇਸ਼ ਵਿਭਾਗ ਨੇ ਕਿਹਾ ਹੈ ਕਿ ਇਹ ਟੀਮਾਂ ਆਬਕਾਰੀ ਮੰਤਵ ਵਜੋਂ ਬਣਾਈਆਂ ਗਈਆਂ ਹਨ। ਵਿਧਾਨ ਸਭਾ ਚੋਣਾਂ ਨੂੰ ਚਾਹੇ ਅਜੇ ਕੁਝ ਮਹੀਨੇ ਦਾ ਸਮਾਂ ਹੈ ਪਰ ਆਬਕਾਰੀ ਵਿਭਾਗ ਵਲੋਂ ਸ਼ਰਾਬ ਦੇ ਮਾਮਲੇ ਵਿਚ ਚੈਕਿੰਗ ਦੀ ਸਖ਼ਤੀ ਕਰਨ ਲਈ ਪਹਿਲਾਂ ਹੀ ਟੀਮਾਂ ਗਠਿਨ ਕਰਨ ਨੂੰ ਇਕ ਸਖਤ ਸੰਦੇਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ ਕਿ ਇਸ ਵਾਰ ਚੋਣ ਕਮਿਸ਼ਨ ਕਿਸੇ ਵੀ ਤਰੀਕੇ ਨਾਲ ਨਾਜਾਇਜ ਜਾਂ ਚੋਣ ਸ਼ਰਾਬ ਦੀ ਸਪਲਾਈ ਨਹੀਂ ਹੋਣ ਦੇਵੇਗਾ।



# ਪ੍ਰੇਮੀ ਨਾਲ ਮਿਲ ਕੇ ਨੂੰਹ ਨੇ ਸੱਸ-ਸਹੁਰੇ ਨੂੰ ਸਾੜਿਆ

ਟਾਂਡਾ ਉੜਮੁੜ, 3 ਜਨਵਰੀ (ਦੀਪਕ ਬਹਿਲ, ਭਗਵਾਨ ਸਿੰਘ ਸੈਣੀ, ਕੁਲਬੀਰ ਸਿੰਘ ਗੁਰਾਇਆ)-ਟਾਂਡਾ ਦੇ ਪਿੰਡ ਜਾਜਾ ਵਿਚ ਅੱਜ ਦੇਰ ਰਾਤ ਦਿਲ ਦਹਿਲਾ ਦੇਣ ਵਾਲੀ ਘਟਨਾ ਉਸ ਵੇਲੇ ਵਾਪਰੀ ਜਦੋਂ ਇਕ ਸੇਵਾ ਮੁਕਤ ਫ਼ੌਜੀ ਅਤੇ ਉਸ ਦੀ ਪਤਨੀ ਨੂੰ ਜ਼ਿੰਦਾ ਸਾੜ ਦਿੱਤਾ ਗਿਆ। ਦੂਜੇ ਪਾਸੇ ਟਾਂਡਾ ਪੁਲਿਸ ਨੇ ਨਾਜਾਇਜ਼ ਸੰਬੰਧਾਂ ਦੇ ਚੱਲਦਿਆਂ ਵਾਪਰੇ ਦੋਹਰੇ ਕਤਲ ਕਾਂਡ ਨੂੰ 24 ਘੰਟੇ ਤੋਂ ਘੱਟ ਸਮੇਂ 'ਚ ਸੁਲਝਾਉਂਦੇ ਹੋਏ ਦੋਸ਼ੀ ਮ੍ਰਿਤਕਾਂ ਦੀ ਨੂੰਹ ਅਤੇ ਉਸ ਦੇ ਪ੍ਰੇਮੀ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਇਹ ਘਟਨਾ ਲੰਘੀ ਰਾਤ ਟਾਂਡਾ ਦੇ ਪਿੰਡ ਜਾਜਾ ਵਿਖੇ ਉਸ ਵੇਲੇ ਵਾਪਰੀ ਜਦੋਂ ਮ੍ਰਿਤਕ ਮਨਜੀਤ ਸਿੰਘ ਅਤੇ ਉਸ ਦੀ ਪਤਨੀ ਗੁਰਮੀਤ ਕੌਰ ਘਰ ਵਿਚ ਮੌਜੂਦ ਸਨ। ਘਰ ਵਿਚ ਆਪਣੀ ਨੂੰਹ ਮਨਦੀਪ ਕੌਰ ਨਾਲ ਇਕੱਲੇ ਸਨ ਅਤੇ ਮਨਦੀਪ ਕੌਰ ਦਾ ਪਤੀ ਰਵਿੰਦਰ ਸਿੰਘ ਜੋ ਕਿ ਕੁਝ ਸਮਾਂ ਪਹਿਲਾਂ ਵਿਦੇਸ਼ ਤੋਂ ਪਰਤਿਆ ਹੈ ਅਤੇ ਕਤਲ ਵਾਲੀ ਰਾਤ ਘਰ ਵਿਚ ਮੌਜੂਦ ਨਹੀਂ ਸੀ। ਇਸ ਘਟਨਾ ਦਾ ਪਤਾ ਲੱਗਣ ਤੇ ਡੀ.ਐੱਸ.ਪੀ ਟਾਂਡਾ ਰਾਜ ਕੁਮਾਰ ਅਤੇ ਹੋਰ ਪੁਲਿਸ ਅਫ਼ਸਰ ਮੌਕੇ 'ਤੇ ਪੁੱਜੇ ਅਤੇ ਕਮਰੇ ਵਿਚ ਪਈਆਂ ਦੋਹਾਂ ਦੀਆਂ ਅੱਧ ਜਲੀਆਂ ਲਾਸ਼ਾਂ ਬਰਾਮਦ ਕੀਤੀਆਂ। ਰਾਤ ਸਮੇਂ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਮ੍ਰਿਤਕਾਂ ਦੀ ਨੂੰਹ ਮਨਦੀਪ ਕੌਰ ਨੇ ਦੱਸਿਆ ਕਿ ਅਸੀਂ ਤਿੰਨੋ ਰਾਤ ਨੂੰ ਇਕੱਠੇ ਘਰ ਵਿਚ ਮੌਜੂਦ ਸੀ ਕਿ ਤਿੰਨ ਚਾਰ ਅਣਪਛਾਤੇ ਵਿਅਕਤੀ ਆਏ ਅਤੇ ਮੈਨੂੰ ਕੋਈ ਨਸ਼ੀਲੀ ਵਸਤੂ ਦੇ ਕੇ ਇੱਕ ਕੁਰਸੀ ਨਾਲ ਬੰਨ੍ਹ ਕੇ ਮੇਰੇ ਸੱਸ ਸਹੁਰੇ ਨੂੰ ਜ਼ਿੰਦਾ ਜਲਾ ਕੇ ਫ਼ਰਾਰ ਹੋ ਗਏ। ਮ੍ਰਿਤਕਾਂ ਦੇ ਪੁੱਤਰ ਰਵਿੰਦਰ ਸਿੰਘ ਦੇ ਬਿਆਨਾਂ 'ਤੇ ਪੁਲਿਸ ਨੇ ਜਿੱਥੇ ਉਸ ਦੀ ਪਤਨੀ ਮਨਦੀਪ ਕੌਰ ਖ਼ਿਲਾਫ਼ ਇਹ ਦੂਹਰੇ ਕਤਲ ਕਾਂਡ ਨੂੰ ਅੰਜਾਮ ਦੇਣ ਵਾਲੇ ਮੁੱਖ ਦੋਸ਼ੀ ਵਜੋਂ ਗ੍ਰਿਫ਼ਤਾਰ ਕੀਤਾ ਹੈ ਉੱਥੇ ਡੀ.ਐੱਸ.ਪੀ ਟਾਂਡਾ ਸ਼੍ਰੀ ਰਾਜ ਕੁਮਾਰ ਨੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਦੋਹਰਾ ਕਤਲ ਮ੍ਰਿਤਕਾਂ ਪਤੀ ਪਤਨੀ ਦੀ ਨੂੰਹ ਅਤੇ ਉਸ ਦੇ ਪ੍ਰੇਮੀ ਨੇ ਕੀਤਾ ਸੀ। ਉਨ੍ਹਾਂ ਹੋਰ ਦੱਸਿਆ ਕਿ ਬੀਤੇ ਦਿਨ ਨਾਜਾਇਜ਼ ਸੰਬੰਧਾਂ ਦੇ ਚੱਲਦੇ ਉਪਰੋਕਤ ਦੋਸ਼ੀ ਜਸਮੀਤ ਸਿੰਘ ਜਿਸ ਦੇ ਕਿ ਮਨਦੀਪ ਕੌਰ ਨਾਲ ਨਾਜਾਇਜ਼ ਸੰਬੰਧ ਸਨ , ਘਰ ਦੇ ਵਿਚ ਦਾਖਿਲ ਹੋਇਆ ਜਿਸ ਮਗਰੋਂ ਦੋਹਾਂ ਨੇ ਸਾਜ਼ਿਸ਼ ਤਹਿਤ ਪਹਿਲਾਂ ਦੋਹਾਂ ਦਾ ਗੱਲਾਂ ਵੱਢ ਕੇ ਕਤਲ ਕਰ ਦਿੱਤਾ ਅਤੇ ਫਿਰ ਲਾਸ਼ਾਂ ਨੂੰ ਖ਼ੁਰਦ ਬੁਰਦ ਕਰਨ ਦੀ ਨੀਤ ਨਾਲ ਲਾਸ਼ਾਂ ਨੂੰ ਬੜੀ ਹੀ ਬੇਰਹਿਮੀ ਨਾਲ ਜਾਲ ਦਿੱਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਹਾਂ ਦੋਸ਼ੀਆਂ ਨੇ ਇਸ ਦੂਹਰੇ ਕਤਲ ਕਾਂਡ ਨੂੰ ਅੰਜਾਮ ਦੇਣ ਤੋਂ ਬਾਅਦ ਘਰ ਵਿਚ ਪਏ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਵੀ ਲੁੱਟੀ।



ਡੀ. ਐੱਸ.ਪੀ. ਟਾਂਡਾ ਰਾਜ ਕੁਮਾਰ, ਐੱਸ.ਐੱਚ.ਓ. ਸੁਰਜੀਤ ਸਿੰਘ ਪੱਡਾ ਅਤੇ ਇੰਸਪੈਕਟਰ ਕਰਨੈਲ ਸਿੰਘ ਇਸ ਦੋਹਰੇ ਕਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ। ਤਸਵੀਰ: ਦੀਪਕ ਬਹਿਲ


# ਪੈਡੀ ਸੀਜ਼ਨ ਲਈ ਵਾਧੂ ਕੋਲੇ ਦੇ ਪ੍ਰਬੰਧਨ 'ਚ ਲੱਗਾ ਪਾਵਰਕਾਮ

ਜਲੰਧਰ, 3 ਜਨਵਰੀ (ਸ਼ਿਵ ਸ਼ਰਮਾ)-ਪਿਛਲੇ ਪੈਡੀ ਸੀਜ਼ਨ 'ਚ ਬਿਜਲੀ ਸੰਕਟ ਤੋਂ ਸਬਕ ਲੈਂਦੇ ਹੋਏ ਪਾਵਰਕਾਮ ਨੇ ਇਸ ਵਾਰ ਪੈਡੀ /ਗਰਮੀਆਂ ਦੇ ਸੀਜ਼ਨ 'ਚ ਬਿਜਲੀ ਦੀ ਨਿਰਵਿਘਨ ਬਿਜਲੀ ਸਪਲਾਈ ਲਈ ਹੁਣ ਤੋਂ ਹੀ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ ਤੇ ਇਸ ਲਈ ਥਰਮਲ ਪਲਾਂਟ ਲਈ ਕੋਲੇ ਦੀ ਸਪਲਾਈ ਯਕੀਨੀ ਬਣਾਉਣ ਲਈ ਕੇਂਦਰ ਨਾਲ ਵੀ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੀਆਂ ਗਰਮੀਆਂ 'ਚ ਕੋਲੇ ਦੇ ਸੰਕਟ ਕਰਕੇ ਰਾਜ ਵਿਚ ਬਿਜਲੀ ਸੰਕਟ ਗਹਿਰਾ ਗਿਆ ਸੀ ਜਿਸ ਕਰਕੇ ਪਾਵਰਕਾਮ ਨੂੰ ਹੁਣ ਤੱਕ ਦੀ ਸਭ ਤੋਂ ਮਹਿੰਗੀ ਬਿਜਲੀ ਲੈਣੀ ਪਈ ਸੀ। ਇਕ ਜਾਣਕਾਰੀ ਮੁਤਾਬਿਕ ਚੇਅਰਮੈਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਇੰਜ. ਬਲਦੇਵ ਸਿੰਘ ਸਰਾਂ ਵਲੋਂ ਕੋਲੇ ਦੀ ਸਪਲਾਈ ਹੁਣ ਤੋਂ ਹੀ ਯਕੀਨੀ ਬਣਾਉਣ ਅਤੇ ਸਮਰੱਥਾ ਮੁਤਾਬਿਕ ਕੋਲੇ ਦਾ ਭੰਡਾਰ ਰੱਖਣ ਦੇ ਯਤਨ ਹੁਣ ਤੋਂ ਹੀ ਸ਼ੁਰੂ ਕੀਤੇ ਗਏ ਹਨ। ਬਿਜਲੀ ਦੀ ਸਬਸਿਡੀ ਮਿਲਣ ਦੇ ਕੰਮ ਵਿਚ ਦੇਰੀ ਹੋਣ ਕਰਕੇ ਬੈਂਕਾਂ ਤੋਂ ਜ਼ਰੂਰ ਇਸ ਲਈ ਕਰਜ਼ੇ ਲੈਣੇ ਪੈ ਸਕਦੇ ਹਨ ਕਿਉਂਕਿ ਕੁਝ ਸਮੇਂ ਤੋਂ ਬਿਜਲੀ ਦੀਆਂ ਦਰਾਂ ਵਿਚ ਪਾਵਰਕਾਮ ਨੂੰ ਵਾਧਾ ਨਾ ਹੋਣ ਕਰਕੇ ਮਾਲੀਏ 'ਤੇ ਇਸ ਦਾ ਅਸਰ ਪੈ ਰਿਹਾ ਹੈ। ਦੂਜੇ ਪਾਸੇ ਪਾਵਰਕਾਮ ਨੂੰ ਹੁਣ ਵੱਡੇ ਸ਼ਹਿਰਾਂ ਦੀ ਬਿਜਲੀ ਸਪਲਾਈ ਲਈ ਆਪਣੇ ਟਰਾਂਸਫ਼ਾਰਮਰਾਂ ਦੀ ਸਮਰੱਥਾ ਵਧਾਉਣ ਲਈ ਯੋਜਨਾਬੰਦੀ ਕਰਨ ਦੀ ਲੋੜ ਸਮਝੀ ਜਾ ਰਹੀ ਹੈ। ਜਲੰਧਰ, ਲੁਧਿਆਣਾ ਵਰਗੇ ਵੱਡੇ ਸ਼ਹਿਰਾਂ ਦੇ ਅੰਦਰੂਨੀ ਇਲਾਕਿਆਂ ਵਿਚ ਬਿਜਲੀ ਟਰਾਂਸਫ਼ਾਰਮਰਾਂ ਦੀ ਸਮਰੱਥਾ ਇਸ ਕਰਕੇ ਵਧਾਉਣੀ ਔਖੀ ਹੋ ਰਹੀ ਹੈ ਕਿਉਂਕਿ ਪਾਵਰਕਾਮ ਕੋਲ ਇਸ ਵੇਲੇ ਜ਼ਮੀਨਾਂ ਦੀ ਭਾਰੀ ਘਾਟ ਹੈ। ਮਹਿੰਗੀਆਂ ਜ਼ਮੀਨਾਂ ਦੀ ਖ਼ਰੀਦ ਕਰਕੇ ਟਰਾਂਸਫ਼ਾਰਮਰਾਂ ਦੀ ਸਮਰੱਥਾ ਵੀ ਨਹੀਂ ਵਧਾਈ ਜਾ ਸਕਦੀ ਹੈ ਜਦਕਿ ਕਈ ਮਾਹਿਰਾਂ ਦਾ ਕਹਿਣਾ ਹੈ ਕਿ ਪਾਵਰਕਾਮ ਨੂੰ ਇਹ ਮੁੱਦਾ ਬੀ. ਬੀ.ਐਮ. ਬੀ. ਕੋਲ ਉਠਾਉਣਾ ਚਾਹੀਦਾ ਹੈ ਕਿਉਂਕਿ ਉਸ ਦੀ ਜਮਾਲਪੁਰ ਲੁਧਿਆਣਾ ਅਤੇ ਜਲੰਧਰ ਵਿਚ ਆਪਣੇ ਪਾਵਰ ਹਾਊਸ ਕੋਲ ਕਾਫ਼ੀ ਜ਼ਮੀਨਾਂ ਪਈਆਂ ਹਨ, ਜਿਨ੍ਹਾਂ ਨੂੰ ਪਾਵਰਕਾਮ ਨੂੰ ਸੌਂਪ ਕੇ ਬਿਜਲੀ ਸਿਸਟਮ ਵਿਚ ਸੁਧਾਰ ਕੀਤਾ ਜਾ ਸਕਦਾ ਹੈ।

**ਇਸ ਸਾਲ ਗਰਮੀਆਂ 'ਚ ਕਰਨਾ ਪਏਗਾ ਵਾਧੂ ਬਿਜਲੀ ਦਾ ਪ੍ਰਬੰਧ**

# ਆਉਣ ਵਾਲੇ ਕੁਝ ਦਿਨਾਂ 'ਚ ਕੀਤਾ ਜਾਵੇਗਾ ਪਾਰਟੀ ਦਾ ਐਲਾਨ-ਸੋਨੂੰ ਸੂਦ

ਮੋਗਾ, 3 ਜਨਵਰੀ (ਅਸ਼ੋਕ ਬਾਂਸਲ, ਸੁਰਿੰਦਰਪਾਲ ਸਿੰਘ, ਗੁਰਤੇਜ ਸਿੰਘ)-ਸੂਦ ਚੈਰਿਟੀ ਫਾਊਂਡੇਸ਼ਨ ਦੇ ਸਰਪ੍ਰਸਤ ਬਾਲੀਵੁੱਡ ਅਦਾਕਾਰ ਸੋਨੂੰ ਸੂਦ ਵਲੋਂ ਭਾਰਤ 'ਚ ਕੋਰੋਨਾ ਮਹਾਂਮਾਰੀ ਦੌਰਾਨ ਕੀਤੀ ਲੋਕਾਂ ਦੀ ਮਦਦ ਹਰ ਪਾਸੇ ਚਰਚਾ 'ਚ ਰਹੀ ਅਤੇ ਮੋਗਾ ਦੇ ਵਸਨੀਕ ਸੋਨੂੰ ਸੂਦ ਤੇ ਉਸ ਦੀ ਭੈਣ ਮਾਲਵਿਕਾ ਸੂਦ ਵਲੋਂ ਮੋਗਾ ਤੇ ਆਸ ਪਾਸ ਦੇ ਲੋਕਾਂ ਦੀ ਹਰ ਤਰਾਂ ਦੀ ਮਦਦ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ। ਅੱਜ ਸੋਨੂੰ ਸੂਦ ਤੇ ਮਾਲਵਿਕਾ ਸੂਦ ਨੇ ਇਕ ਪ੍ਰੈੱਸ ਕਾਨਫ਼ਰੰਸ ਕਰਕੇ ਕਿਹਾ ਕਿ ਹਰ ਇਕ ਪਾਰਟੀ ਚੰਗੀ ਹੈ ਪਰ ਸਾਡਾ ਆਪਣਾ ਏਜੰਡਾ ਹੈ। ਚੋਣਾਂ ਲੜਨਾ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੈ ਅਸੀ ਸੋਚ ਸਮਝ ਕੇ ਪਾਰਟੀ ਵਿਚ ਜਾਵਾਂਗੇ। ਉਨ੍ਹਾਂ ਕਿਹਾ ਕਿ ਜੋ ਪਾਰਟੀ ਲੋਕਾਂ ਲਈ ਵਧੀਆ ਫ਼ੈਸਲੇ ਲਵੇਗੀ ਅਸੀ ਉਸ ਨਾਲ ਜੁੜਾਂਗੇ। ਉਨ੍ਹਾਂ ਕਿਹਾ ਕਿ ਕੋਈ ਵੀ ਪਾਰਟੀ ਸੌ ਫ਼ੀਸਦੀ ਲੋਕਾਂ ਮੁਤਾਬਿਕ ਸਹੀ ਨਹੀਂ ਹੁੰਦੀ ਪਰ ਅਸੀ ਕਿਸੇ ਪਾਰਟੀ ਨੂੰ ਮਾੜਾ ਨਹੀਂ ਕਹਿੰਦੇ। ਅਸੀਂ ਵਧੀਆ ਸੋਚ ਨਾਲ ਕੰਮ ਕਰਾਂਗੇ ਤੇ ਬਦਲਾਅ ਲੈ ਕੇ ਆਵਾਂਗੇ ਤੇ ਵਧੀਆ ਰਾਜਨੀਤੀ ਹੋਣੀ ਬਹੁਤ ਜ਼ਰੂਰੀ ਹੈ। ਹਾਲੇ ਤੱਕ ਲੋਕਾਂ ਨੂੰ ਪੜ੍ਹਾਈ, ਹੈਲਥ, ਸੀਵਰੇਜ, ਪਾਣੀ ਤੇ ਸੜਕਾਂ ਵਰਗੀਆਂ ਸਹੂਲਤਾਂ ਵੀ ਸਹੀ ਤਰ੍ਹਾਂ ਨਹੀਂ ਮਿਲੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਲਵਿਕਾ ਸੂਦ ਨੇ ਕਿਹਾ ਕਿ ਹੁਣ ਲੋਕ ਬਹੁਤ ਸਿਆਣੇ ਹੋ ਚੁੱਕੇ ਹਨ ਜੋ ਆਪਣਾ ਵਧੀਆਂ ਉਮੀਦਵਾਰ ਖੁੱਲ ਕੇ ਹੀ ਵੋਟ ਪਾਉਣਗੇ। ਇਸ ਮੌਕੇ ਉਨ੍ਹਾਂ ਨਾਲ ਗੌਤਮ ਸੱਚਰ, ਵਿਕਰਮ ਸੱਚਰ, ਗਗਨਦੀਪ ਤੇ ਉਨ੍ਹਾਂ ਦੀ ਟੀਮ ਹਾਜ਼ਰ ਸੀ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੋਨੂੰ ਸੂਦ। ਤਸਵੀਰ : ਅਸ਼ੋਕ ਬਾਂਸਲ

# ਸਿਆਸੀ ਰੰਜਿਸ਼ ਕਰਕੇ ਚੱਲੀ ਗੋਲੀ-1 ਮੌਤ

ਕੋਟਲੀ ਸੂਰਤ ਮੱਲ੍ਹੀ, 3 ਜਨਵਰੀ (ਕੁਲਦੀਪ ਸਿੰਘ ਨਾਗਰਾ)-ਥਾਣਾ ਕੋਟਲੀ ਸੂਰਤ ਮੱਲ੍ਹੀ ਅਧੀਨ ਆਉਂਦੇ ਪਿੰਡ ਦੇਹੜ 'ਚ ਅੱਜ ਦੇਰ ਸ਼ਾਮ ਸਿਆਸੀ ਰੰਜਿਸ਼ ਦੇ ਚਲਦਿਆਂ ਪਿੰਡ ਦੇ ਕੁਝ ਵਿਅਕਤੀਆਂ ਵਲੋਂ ਕਾਂਗਰਸੀ ਸਰਪੰਚ ਦੇ ਪਤੀ ਤੇ ਉਸ ਦੇ ਭਤੀਜੇ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਰਕੇ ਭਤੀਜੇ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇਹੜ ਦੀ ਕਾਂਗਰਸੀ ਸਰਪੰਚ ਜੀਵਨਜੋਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ 'ਚ ਵਿਆਹ ਸਮਾਗਮ ਸੀ, ਜਿਸ ਵਿਚ ਸ਼ਿਰਕਤ ਕਰਨ ਲਈ ਉਸ ਦਾ ਅੰਮ੍ਰਿਤਸਰ ਰਹਿੰਦਾ ਭਤੀਜਾ ਵੀ ਪਿੰਡ ਦੇਹੜ ਆਇਆ ਹੋਇਆ ਸੀ। ਅੱਜ ਸ਼ਾਮ ਸਮੇਂ ਉਸ ਦਾ ਪਤੀ ਹਰਮਿੰਦਰ ਸਿੰਘ ਤੇ ਭਤੀਜਾ ਦਿਲਪ੍ਰੀਤ ਸਿੰਘ ਦੀਪੂ ਪੁੱਤਰ ਹਰਜਿੰਦਰ ਸਿੰਘ ਆਪਣੇ ਚੌਧਰੀ ਨੂੰ ਨਾਲ ਲੈ ਕੇ ਕੋਈ ਸਾਮਾਨ ਲੈਣ ਲਈ ਕਲਾਨੌਰ ਜਾਣ ਲਈ ਘਰੋਂ ਗਏ ਤੇ ਜਦੋਂ ਉਹ ਇਸਾਈ ਮੁਹੱਲੇ ਗਏ ਤਾਂ ਉਥੇ ਮੌਜੂਦ ਪਿੰਡ ਦੇ ਹੀ ਕੁਝ ਨੌਜਵਾਨਾਂ ਨੇ ਸਿਆਸੀ ਰੰਜਿਸ਼ ਕਰਕੇ ਉਸ ਦੇ ਪਤੀ ਤੇ ਭਤੀਜੇ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਉਹ ਗੰਭੀਰ ਜ਼ਖ਼ਮੀ ਹੋ ਕੇ ਜ਼ਮੀਨ 'ਤੇ ਡਿਗ ਪਏ, ਜਿਨ੍ਹਾਂ ਨੂੰ ਗੰਭੀਰ ਹਾਲਤ 'ਚ ਅੰਮ੍ਰਿਤਸਰ ਦੇ ਹਸਪਤਾਲ 'ਚ ਲਿਜਾਇਆ ਗਿਆ। ਉਨ੍ਹਾਂ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਥਾਣਾ ਮੁਖੀ ਸ੍ਰੀ ਅਨਿਲ ਕੁਮਾਰ ਨੇ ਕਿਹਾ ਕਿ ਗੋਲੀਆਂ ਵੱਜਣ ਨਾਲ ਨੌਜਵਾਨ ਦਿਲਪ੍ਰੀਤ ਸਿੰਘ ਦੀਪੂ ਦੀ ਮੌਤ ਹੋ ਗਈ, ਜਦਕਿ ਸਰਪੰਚ ਦੇ ਪਤੀ ਦੀਆਂ ਲੱਤਾਂ 'ਚ ਗੋਲੀਆਂ ਵੱਜੀਆਂ ਦੱਸੀਆਂ ਜਾ ਰਹੀਆਂ ਹਨ।

**ਕਾਂਗਰਸੀ ਸਰਪੰਚ ਦਾ ਪਤੀ ਜ਼ਖ਼ਮੀ**

### ਬੀ.ਕੇ.ਯੂ. ਏਕਤਾ ਉਗਰਾਹਾਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਹੁਣ 7 ਨੂੰ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਕੀਤੇ ਜਾਣ ਵਾਲੀ ਮੀਟਿੰਗ ਤੀਸਰੀ ਵਾਰ ਫਿਰ ਟਾਲ ਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਹੋਣ ਵਾਲੀ ਮੀਟਿੰਗ 3 ਜਨਵਰੀ ਨੂੰ ਹੋਣੀ ਸੀ ਪਰ ਖੇਤੀਬਾੜੀ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਬੀ. ਕੇ. ਯੂ. ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੂੰ ਫ਼ੋਨ 'ਤੇ ਦੱਸਿਆ ਹੈ ਕਿ ਇਹ ਮੀਟਿੰਗ ਹੁਣ ਸੱਤ ਜਨਵਰੀ ਨੂੰ ਹੋਵੇਗੀ।

### ਕਾਂਗਰਸ ਸਰਕਾਰ ਕੋਲੋਂ ਠੋਕ ਕੇ ਹਿਸਾਬ ਲਵੇਗੀ ਪੰਜਾਬ ਦੀ ਜਨਤਾ-ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 3 ਜਨਵਰੀ (ਅਜੀਤ ਬਿਊਰੋ)- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਚੰਨੀ ਸਰਕਾਰ ਵਲੋਂ ਜਾਰੀ ਕੀਤੇ 100 ਫ਼ੈਸਲਿਆਂ ਵਾਲੇ ਇਸ਼ਤਿਹਾਰ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ 100 'ਚੋਂ ਸਿਰਫ਼ 25 ਫ਼ੈਸਲਿਆਂ ਤੇ ਗਜ਼ਟ ਨੋਟੀਫ਼ਿਕੇਸ਼ਨ ਦਾ ਵੇਰਵਾ ਸਰਕਾਰੀ ਇਸ਼ਤਿਹਾਰ 'ਚ ਦਰਜ ਹੈ। ਇਨ੍ਹਾਂ 25 ਫ਼ੀਸਦੀ ਫ਼ੈਸਲਿਆਂ 'ਚ ਜਿੰਨਾ ਫ਼ੈਸਲਿਆਂ ਦਾ ਜਨਤਾ ਨਾਲ ਸਿੱਧਾ ਸਬੰਧ ਹੈ ਅਤੇ ਇਨ੍ਹਾਂ ਫ਼ੈਸਲਿਆਂ ਦੀ ਜ਼ਮੀਨੀ ਹਕੀਕਤ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢਦੀ ਹੈ। ਚੀਮਾ ਨੇ ਕਿਹਾ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਮੇਤ ਸਾਰੇ ਵਾਅਦਿਆਂ ਦੇ ਸਰਕਾਰੀ ਪੈਸੇ ਨਾਲ ਪ੍ਰਚਾਰ ਦਾ ਹਿਸਾਬ ਵੀ ਮੁੱਖ ਮੰਤਰੀ ਚੰਨੀ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਦੇਣਾ ਪਵੇਗਾ।